# ਗ਼ਦਰ ਪਾਰਟੀ ਦੀ 92ਵੀ ਵਰ੍ਹੇ-ਗੰਢ

92 ਸਾਲ ਪਹਿਲਾਂ, 1913 ਦੀ ਵਿਸਾਖੀ ਵਾਲੇ ਦਿਨ, ਅਮਰੀਕਾ ਵਿਖੇ ਦੇਸ਼ ਭਗਤਾਂ, ਰੌਸ਼ਨ ਖਿਆਲ ਅਤੇ ਜਮਹੂਰੀਅਤ ਪਸੰਦ ਲੋਕਾਂ ਨੇ ਆਪਣੇ ਵਤਨ ਹਿੰਦੁਸਤਾਨ ਦੀ ਅੰਗਰੇਜ਼ ਬਸਤੀਵਾਦ ਕੋਲੋਂ ਮੁਕਤੀ ਕਰਵਾ ਕੇ ਇਕ ਨਵੀਂ ਉਸਾਰੀ ਕਰਨ ਲਈ ਗ਼ਦਰ ਪਾਰਟੀ ਬਣਾਈ। ਗ਼ਦਰ ਪਾਰਟੀ ਨੇ ਵਿਦੇਸ਼ਾਂ ਵਿਚ ਵਸਦੇ ਸਾਰੇ ਹਿੰਦੁਸਤਾਨੀਆਂ ਨੂੰ ਆਪਣੇ ਵਤਨ ਨੂੰ ਆਜ਼ਾਦ ਕਰਾ ਕੇ ਇਕ ਖ਼ੁਸ਼ਹਾਲ ਹਿੰਦੁਸਤਾਨ ਦੀ ਉਸਾਰੀ ਲਈ ਇਕ ਮੁੱਠ ਹੋਣ ਦਾ ਹੋਕਾ ਦਿੱਤਾ ਅਤੇ ਇਸ ਲਈ ਇਕ ਇਨਕਲਾਬੀ ਜਥੇਬੰਦੀ ਦੀ ਨੀਂਹ ਰੱਖੀ ਅਤੇ ਆਪਣੀ ਸੋਧ ਨੂੰ ਵਿਕਸਿਤ ਕੀਤਾ। ਗ਼ਦਰ ਪਾਰਟੀ ਨੇ ਆਪਣੇ ਵਕਤ ਦੇ ਹਾਲਾਤ ਦਾ ਨਿਰਣਾ ਕਰਦਿਆਂ ਇਹ ਸਿੱਟਾ ਕੱਢਿਆ ਕਿ ਅੰਗ੍ਰੇਜ਼ ਬਸਤੀਵਾਦ ਨੂੰ ਹਿੰਦੁਸਤਾਨ ਦੇ ਲੋਕ ਆਪਣੀ ਏਕਤਾ ਅਤੇ ਜਦੋਜਹਿਦ ਨਾਲ ਹੀ ਮੁਲਕੋਂ ਬਾਹਰ ਕੱਢ ਸਕਦੇ ਹਨ ਅਤੇ ਇਸ ਲਈ ਉਨ੍ਹਾਂ ਨੂੰ ਕੋਈ ਵੀ ਕੁਰਬਾਨੀ ਦੇਣ ਤੋਂ ਝਿਜਕਣਾ ਨਹੀਂ ਚਾਹੀਦਾ। ਬਸਤੀਵਾਦ ਨੂੰ ਖ਼ਤਮ ਕਰਕੇ ਇਕ ਨਵੇਂ ਹਿੰਦੁਸਤਾਨ ਦੀ ਉਸਾਰੀ ਕਰਨ ਲਈ ਉਨ੍ਹਾਂ ਨੇ ਲੋਕਾਂ ਨੂੰ ਲਾਮਬੰਦ ਕੀਤਾ। ਗ਼ਦਰ ਪਾਰਟੀ ਦਾ ਨਿਸ਼ਾਨਾ ਹਿੰਦੁਸਤਾਨ ਵਿਚ ਪਰਜਾ ਰਾਜ ਕਾਇਮ ਕਰਨਾ ਸੀ ਜਿਸ ਵਿਚ ਸੱਭ ਕੌਮਾਂ ਅਤੇ ਕਬਾਇਲੀ ਲੋਕਾਂ ਦੇ ਹੱਕਾਂ ਦੀ ਜ਼ਾਮਨੀ ਦਿੱਤੀ ਜਾ ਸਕੇ ਅਤੇ ਲੋਕ ਆਪਣੀ ਕਿਸਮਤ ਦੇ ਆਪ ਮਾਲਿਕ ਹੋਣ।

ਇਸ ਨਵੀਂ ਸਿਆਸੀ ਪ੍ਰਣਾਲੀ ਅਤੇ ਆਰਥਕ ਢਾਂਚੇ ਨੂੰ ਹੋਂਦ ਵਿਚ ਲਿਆਉਣ ਲਈ ਜਥੇਬੰਦ ਹੋਕੇ ਖਾੜਕੂ ਘੋਲ ਚਲਾਉਣ ਲਈ ਗਦਰ ਪਾਰਟੀ ਨੇ ਵਿਦੇਸ਼ਾਂ ਅਤੇ ਹਿੰਦੁਸਤਾਨ ਵਿਚ ਮੁਹਿੰਮ ਚਲਾਈ। ਉਨ੍ਹਾਂ ਨੇ ਹਿੰਦੋਸਤਾਨ ਦੇ ਲੋਕਾਂ ਨੂੰ ਵੰਗਾਰ ਦਿਤੀਃ

*ਹਿੰਦੁਸਤਾਨ ਚੋਂ ਕੱਢ ਫਰੰਗੀਆਂ ਨੂੰ*
*ਪਰਜਾ ਰਾਜ ਦੀ ਜੜ੍ਹ ਲਗਾਵਣੇ ਨੂੰ।*

*ਰਾਜ ਪੰਚੈਤੀ ਕਾਇਮ ਕਰੀਏ*
*ਬਾਦਸ਼ਾਹਾਂ ਦੀ ਅਲਖ ਮੁਕਾ ਦੇਈਏ।*

*ਨਵਾਂ ਰੂਪ ਰਚਾਂ ਹਿੰਦ ਦੇ ਸਮਾਜ ਦਾ*
*ਤੁਖ਼ਮ ਉਡਾਉਣਾ ਜ਼ਾਲਮਾਂ ਦੇ ਰਾਜ ਦਾ।*

*ਪਿਛੋਂ ਗਦਰ ਦੇ ਮਾਮਲਾ ਮਾਫ ਸਭ ਨੂੰ*
*ਖੇਤੀ ਕਰਾਂਗੇ ਮੌਜ ਬਹਾਰ ਵਾਲੀ।*

*ਵਿਦਿਆ ਬਥੇਰੀ ਵਧ ਜਾਏਗੀ ਆਜ਼ਾਦ ਹੋਇਆਂ*
*ਕਿਸੇ ਦੀ ਮਜਾਲ ਨਾ ਸਾਨੂੰ ਅਟਕਾਣ ਦੀ।*

*ਵਸੇ ਰਸੇ ਹੱਸੇਗਾ ਤਾਂ ਸਾਰਾ ਹੀ ਆਜ਼ਾਦ ਹਿੰਦ*
*ਹੌਲੀ ਜਦੋਂ ਹੋਈ ਪੰਡ ਟੈਕਸ ਲਗਾਨ ਦੀ।*

*ਹੋਵੇਗੀ ਤਰੱਕੀ ਪਿਛੋਂ ਬਹੁਤ ਹੀ ਸੁਖਾਲੀ ਸਾਡੀ*
*ਕਰ ਲੌ ਤਿਆਰੀ ਪਹਿਲਾਂ ਗਦਰ ਮਚਾਣ ਦੀ।*

*ਮੂਰਖ ਨਾ ਕੋਈ ਹੋਵੇ, ਸੱਭੇ ਵਿਦਵਾਨ ਹੋਣ*
*ਸੱਭੇ ਧਨਵਾਨ ਲੋੜ ਕਿਸੇ ਨਾ ਚੁਰਾਣ ਦੀ।*

ਗ਼ਦਰ ਪਾਰਟੀ ਦੀ ਉਸਾਰੀ ਦੇ 92 ਸਾਲ ਬਾਅਦ ਅੱਜ ਵੀ ਹਿੰਦੁਸਤਾਨ ਦੀ ਨਵੀਂ ਉਸਾਰੀ ਦਾ ਸੁਆਲ ਉਸੇ ਤਰਾਂ ਲੋਕਾਂ ਸਾਮ੍ਹਣੇ ਖੜ੍ਹਾ ਹੈ ਜਿਸ ਤਰਾਂ 1913 ਵਿਚ ਸੀ। ਹਿੰਦੁਸਤਾਨ ਵਿਚ ਆਜ਼ਾਦੀ ਦੇ ਬਾਅਦ ਹਾਲੇ ਵੀ ਬਸਤੀਵਾਦੀ ਸਿਆਸੀ ਪ੍ਰਣਾਲੀ ਅਤੇ ਅਰਥਚਾਰਾ ਕਾਇਮ ਹੈ ਅਤੇ ਲੋਕਾਂ ਦੇ ਹੱਕਾਂ ਦੀ ਕੋਈ ਜ਼ਾਮਨੀ ਨਹੀਂ ਹੈ। ਹਾਕਮ ਜਮਾਤਾਂ ਅਤੇ ਰਾਜ ਤੰਤਰ ਦੇ ਸਾਰੇ ਅਦਾਰੇ ਅਤੇ ਉਨ੍ਹਾਂ ਦੀਆਂ ਸਾਰੀਆਂ ਹੀ ਪਾਰਟੀਆਂ ਲੋਕਾਂ ਵਿਚ ਇਹ ਭੁਲੇਖੇ ਖੜ੍ਹੇ ਕਰਦੀਆਂ ਹਨ ਕਿ ਇਸ ਆਰਥਿਕ ਢਾਂਚੇ ਅਤੇ ਨੁਮਾਂਇੰਦਿਆਂ ਵਾਲੀ ਜਮਹੂਰੀਅਤ ਦੇ ਇਲਾਵਾ ਹੋਰ ਕੋਈ ਰਾਹ ਨਹੀਂ ਹੈ। ਉਹ ਕਹਿੰਦੇ ਹਨ ਕਿ ਇਸ ਬਸਤੀਵਾਦੀ ਪਾਰਟੀ ਸਿਸਟਮ ਦੇ ਇਲਾਵਾ ਕਿਸੇ ਹੋਰ ਸਿਆਸੀ

ਪ੍ਰਣਾਲੀ ਬਾਰੇ ਸੋਚਣਾ ਵੀ ਗਲਤ ਹੈ। 92 ਸਾਲ ਪਹਿਲਾਂ ਕਾਂਗਰਸ ਅਤੇ ਮੁਸਲਮ ਲੀਗ ਵੀ ਇਹੋ ਭੁਲੇਖੇ ਪਾਉਂਦੀਆਂ ਸਨ ਪਰ ਗ਼ਦਰ ਪਾਰਟੀ ਨੇ ਇਹ ਸਾਰੇ ਭੁਲੇਖੇ ਚਕਨਾਚੂਰ ਕੀਤੇ ਸਨ। ਅੱਜ ਵੀ ਹਾਕਮ ਜਮਾਤਾਂ ਦੀਆਂ ਸਾਰੀਆਂ ਪਾਰਟੀਆਂ ਇਹੋ ਭੁਲੇਖੇ ਪਾਉਂਦੀਆਂ ਹਨ। ਇਹ ਲੋਕਾਂ ਨੂੰ ਨਸੀਹਤ ਦਿੰਦੇ ਹਨ ਕਿ ਉਨ੍ਹਾਂ ਨੂੰ ਆਪਣੇ ਹਾਲਾਤ ਅਤੇ ਤਜਰਬੇ ਤੋਂ ਕੋਈ ਸਿੱਟਾ ਕੱਢਣ ਦੀ ਲੋੜ ਨਹੀਂ। ਉਹ ਕਹਿੰਦੇ ਹਨਨ ਕਿ ਕਾਂਗਰਸ, ਭਾਜਪਾ, ਸੀ.ਪੀ.ਐਮ., ਸੀ.ਪੀ.ਆਈ. ਜਾਂ ਕਿਸੇ ਹੋਰ ਪਾਰਟੀ ਨੂੰ ਤਾਕਤ ਲਿਆਉਣ ਨਾਲ ਲੋਕਾਂ ਨੂੰ ਉਨ੍ਹਾਂ ਦੇ ਹੱਕ ਮਿਲ ਜਾਣਗੇ। ਇਸ ਲਈ ਉਨ੍ਹਾਂ ਨੂੰ ਹਾਲਾਤ ਦਾ ਆਪ ਕੋਈ ਨਿਰਣਾ ਕਰਨ ਜਾਂ ਜਥੇਬੰਦ ਹੋਣ ਦੀ ਕੋਈ ਲੋੜ ਨਹੀਂ।

ਅੱਜ ਹਿੰਦੁਸਤਾਨ ਅਤੇ ਕੁਲ ਜਹਾਨ ਦਾ ਤਜਰਬਾ ਇਹ ਦੱਸਦਾ ਹੈ ਕਿ ਪਾਰਟੀ ਸਿਸਟਮ ਦੀ ਇਹ ਰਾਜ-ਪ੍ਰਣਾਲੀ ਅਤੇ ਨੁਮਾਇੰਦਿਆਂ ਵਾਲੀ ਇਹ ਜਮਹੂਰੀਅਤ ਕਿਸੇ ਕੰਮ ਦੀ ਨਹੀਂ ਰਹੀ। ਸੰਸਾਰ ਵਿਚ ਇਹ ਕਿਤੇ ਵੀ ਲੋਕਾਂ ਦੇ ਮਸਲੇ ਹੱਲ ਕਰਨ ਵਿਚ ਸਫਲ ਨਹੀਂ ਹੋ ਸਕੀ। ਆਪਣੇ ਸਿਆਸੀ, ਆਰਥਕ, ਕੌਮੀ ਅਤੇ ਸਭਿਆਚਾਰਕ ਹੱਕਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਲੋਕਾਂ ਨੂੰ ਨੁਮਾਇੰਦਿਆਂ ਤੇ ਅਧਾਰਤ ਰਾਜ ਤੰਤਰ ਨੂੰ ਖ਼ਤਮ ਕਰਕੇ ਆਪਣੀ ਸਿੱਧੀ ਜਮਹੂਰੀਅਤ ਕਾਇਮ ਕਰਨ ਦੀ ਲੋੜ ਹੈ। ਹਿੰਦੁਸਤਾਨ ਦੇ ਲੋਕਾਂ ਨੂੰ ਪਰਜਾ-ਰਾਜ ਕਾਇਮ ਕਰਨ ਦੀ ਲੋੜ ਹੈ। ਇਹ ਅੱਜ ਦੀ ਇਕ ਤਾਰੀਖ਼ੀ ਲੋੜ ਹੈ। ਇਕ ਨਵੇਂ ਰਾਜ ਤੰਤਰ ਨੂੰ ਕਾਇਮ ਕੀਤੇ ਬਗੈਰ ਉਨ੍ਹਾਂ ਦੀ ਮੁਕਤੀ ਨਹੀਂ ਹੋ ਸਕਦੀ। ਇਹ ਮੌਜੂਦਾ ਗਲਿਆ ਸੜਿਆ ਰਾਜ ਤੰਤਰ ਹੀ ਉਨ੍ਹਾਂ ਦੇ ਭੈੜੇ ਹਾਲ ਲਈ ਜਿੰਮੇਵਾਰ ਹੈ। ਇਸ ਵਿਚ ਕਿਸੇ ਦੇ ਵੀ ਹੱਕਾਂ ਦੀ ਰਾਖੀ ਨਹੀਂ ਹੋ ਸਕਦੀ ਕਿਉਂਕਿ ਇਸਦਾ ਮੰਤਵ ਹੀ ਲੋਕਾਂ ਨੂੰ ਖੁੱਡੇ ਲਾਕੇ ਰਖਣਾ ਅਤੇ ਉਨ੍ਹਾਂ ਨੂੰ ਸਿਆਸੀ ਤਾਕਤ ਤੋਂ ਵਾਂਝੇ ਰਖਣਾ ਹੈ। ਇਹ ਰਾਜ ਪ੍ਰਣਾਲੀ ਕਦੇ ਵੀ ਲੋਕਾਂ ਦੇ ਹੱਥ ਤਾਕਤ ਨਹੀਂ ਆਉਣ ਦੇ ਸਕਦੀ ਅਤੇ ਨਾ ਹੀ ਲੋਕਾਂ ਨੂੰ ਫੈਸਲੇ ਕਰਨ ਲਈ ਇਕੱਠਾ ਕਰ ਸਕਦੀ ਹੈ। ਇਹ ਤਾਂ ਲੋਟੂਆਂ ਦੇ ਫੈਸਲੇ ਲੋਕਾਂ ਉੱਤੇ ਥੱਪਣ ਲਈ ਹੀ ਕਾਇਮ ਕੀਤੀ ਗਈ ਸੀ ਅਤੇ ਕਾਇਮ ਰੱਖੀ ਜਾ ਰਹੀ ਹੈ। ਪਾਰਲੀਮੈਂਟ, ਕਚਹਿਰੀਆਂ, ਫ਼ੌਜ, ਵਿਦਿਅਕ ਅਦਾਰੇ, ਸਿਆਸੀ ਪਾਰਟੀਆਂ, ਇਹ ਸਭ ਹਾਕਮ ਜਮਾਤਾਂ ਦੇ ਫੈਸਲੇ ਲੋਕਾਂ ਤੇ ਥੱਪਣ ਲਈ ਹੀ ਕਾਇਮ ਕੀਤੇ ਗਏ ਹਨ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਹੋਵੇ ਜਾਂ ਬਾਜਪਾਈ, ਕਾਂਗਰਸ ਦੀ ਵਜ਼ਾਰਤ ਹੋਵੇ, ਭਾਜਪਾ ਦੀ ਹੋਵੇ, ਜਾਂ ਕਿਸੇ ਹੋਰ ਪਾਰਟੀ ਜਾਂ ਗੁਟ ਦੀ ਹੋਵੇ, ਪਰ ਪਰਨਾਲਾ ਸਦਾ ਉਥੇ ਹੀ ਵਗਦਾ ਹੈ। ਲੋਕਾਂ ਉੱਤੇ ਡੰਡੇ ਨਾਲ ਹਾਕਮ ਜਮਾਤਾਂ ਦੇ ਫੈਸਲੇ ਥੱਪੇ ਜਾਂਦੇ ਹਨ। ਨੁਮਾਇੰਦਿਆਂ ਵਾਲੀ ਜਮਹੂਰੀਅਤ ਦਾ ਇਹ ਤੱਤ ਹੈ ਅਤੇ ਇਹੋ ਅਸਲੀ ਖਾਸਾ ਹੈ।

ਗਦਰ ਪਾਰਟੀ ਦਾ 1913 ਦਾ ਹੋਕਾ ਅੱਜ 92 ਸਾਲ ਬਾਦ ਭੀ ਤਮਾਮ ਦੇਸ਼ ਭਗਤਾਂ, ਰੌਸ਼ਨਖ਼ਿਆਲ ਅਤੇ ਇਨਕਲਾਬੀ ਲੋਕਾਂ ਨੂੰ ਅੱਜ ਦੇ ਹਾਲਾਤ ਦਾ ਨਿਰਣਾ ਕਰਨ ਅਤੇ ਸਿੱਟੇ ਕੱਢਕੇ ਇਕ ਨਵੀਂ ਉਸਾਰੀ ਕਰਨ ਲਈ ਵੰਗਾਰਦਾ ਹੈ।

***ਜੋ ਚਾਹੋਂ ਬਣਨਾ ਵਿਦਵਾਨ।***
***ਸੁਖ ਮੇਂ ਮੌਜ ਕਰੇ ਸੰਤਾਨ।***
***ਜੋ ਚਾਹੋਂ ਜੱਗ ਰਹੇ ਨਸ਼ਾਨ।***
***ਜੋ ਚਾਹੋਂ ਆਪਣੀ ਭਲਿਆਈ***
***ਜਲਦੀ ਗਦਰ ਮਚਾ ਦਿਉ ਭਾਈ।।***